2023 5/665
6/4/23
Via Email

# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਸਿ), ਪੰਜਾਬ
**ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ (ਸੇਵਾਵਾਂ ਸ਼ਾਖਾ)**
**Email Id: dpiee.service@punjabeducation.gov.in**

Imp. Instruc. for Yr. 2023- 24

ਵੱਲ:-

ਸਮੂਹ ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਪੰਜਾਬ ਰਾਜ।

ਮੀਮੋ ਨੰ: ਈ-129260/DPIEE-SRVCOI0/98/2020-BUDGET-DPIEE/ 1188
ਮਿਤੀ: ਸਅਸ ਨਗਰ: 29/12/2023

ਵਿਸ਼ਾ: **ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸ਼ਨ 'ਗਰੀਨ ਪੰਜਾਬ' ਅਧੀਨ ਐਕਸ਼ਨ ਪਲਾਨ ਸਾਲ 2023-24 ਅਧੀਨ ਮਹੀਨਾਵਾਰ ਪ੍ਰਗਤੀ ਸਬੰਧੀ।**

ਹਵਾਲਾ: *ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ, ਦਫ਼ਤਰ ਵਧੀਕ ਪ੍ਰਧਾਨ, ਮੁੱਖ ਵਣ ਪਾਲ (ਵਿਕਾਸ), ਵਣ ਭਵਨ, ਸੈਕਟਰ-68, ਸਅਸ ਨਗਰ ਵੱਲੋਂ ਉਨ੍ਹਾਂ ਦੇ ਪੱਤਰ ਨੰ; 20812-21 ਮਿਤੀ 22/12/2022 ਅਤੇ ਪੱਤਰ ਨੰ; 24193-35 ਮਿਤੀ 25/01/2023 ਦੇ ਸਬੰਧ ਵਿੱਚ।*

ਉਪਰੋਕਤ ਵਿਸੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਵਣ ਵਿਭਾਗ ਵੱਲੋਂ ਪੰਜਾਬ ਦੀ ਹਵਾ ਦੀ ਗੁਣਵੱਤਾ, ਪਾਣੀ ਦੀ ਗੁਣਵੱਤਾ ਅਤੇ ਸੁਰੱਖਿਅਤ ਭੋਜਨ ਦਾ ਧਿਆਨ ਰੱਖ ਕੇ, ਵਧੀਆ ਰਹਿਣ-ਸਹਿਣ ਦਾ ਵਾਤਾਵਰਨ ਯਕੀਨੀ ਬਣਾ ਕੇ ਸਿਹਤਮੰਦ ਲੋਕਾਂ ਨਾਲ ਪੰਜਾਬ ਨੂੰ ਸਭ ਤੋਂ ਸਿਹਤਮੰਦ ਰਾਜ ਬਣਾਉਣ ਲਈ ਮਿਸ਼ਨ ਤੰਦਰੁਸਤ ਪੰਜਾਬ ਦੇ 'ਸਬ-ਮਿਸ਼ਨ' 'ਗਰੀਨ ਪੰਜਾਬ' ਅਧੀਨ ਐਕਸ਼ਨ ਪਲਾਨ ਸ਼ੁਰੂ ਕੀਤਾ ਗਿਆ ਹੈ। ਇੱਕ ਸਿਹਤਮੰਦ ਵਾਤਾਵਰਣ ਵਿੱਚ ਸ਼ੁੱਧ ਹਵਾ, ਪੀਣ ਯੋਗ ਪਾਣੀ ਅਤੇ ਸੁਰੱਖਿਅਤ ਭੋਜਨ ਦਾ ਅਧਿਕਾਰ ਸ਼ਾਮਲ ਕਰਦਾ ਹੈ। ਵੱਖ-ਵੱਖ ਕਾਨੂੰਨਾਂ ਦੇ ਬਾਵਜੂਦ, ਬਹੁਪੱਖੀ ਪ੍ਰਦੂਸ਼ਕ ਮਨੁੱਖੀ ਭੋਜਨ ਲੜੀ ਵਿੱਚ ਦਾਖਲ ਹੋ ਰਹੇ ਹਨ, ਜਿਸ ਨਾਲ ਮਨੁੱਖੀ ਸਿਹਤ ਅਤੇ ਰਾਜ ਦੀ ਆਬਾਦੀ ਦੀ ਉਤਪਾਦਕਤਾ ਗੰਭੀਰ ਖਤਰੇ ਵਿੱਚ ਹੈ। ਪੰਜਾਬ ਵਿੱਚ ਹਵਾ, ਪਾਣੀ ਅਤੇ ਭੋਜਨ ਦੀ ਗੰਦਗੀ ਨਾਲ ਨਾਗਰਿਕਾਂ ਦੀ ਸਿਹਤ ਲਈ ਖਤਰਾ ਪੈਦਾ ਹੋ ਰਿਹਾ ਹੈ। ਸਰਕਾਰ ਵੱਲੋਂ ਆਰੰਭਿਤ ਮਿਸ਼ਨ ਤੰਦਰੁਸਤ ਪੰਜਾਬ ਵਿੱਚ ਇੱਕ ਫੋਕਸ ਅਤੇ ਏਕੀਕ੍ਰਿਤ ਪਹੁੰਚ ਅਪਣਾਉਣ ਦੀ ਲੋੜ ਹੈ।

2. ਮਿਸ਼ਨ ਤੰਦਰੁਸਤ ਪੰਜਾਬ, ਮਨੁੱਖੀ ਉੱਤਮਤਾ ਨੂੰ ਟਿਕਾਊ ਢੰਗ ਨਾਲ ਪ੍ਰਾਪਤ ਕਰਨ ਲਈ ਇੱਕ ਸਿਹਤਮੰਦ ਪੰਜਾਬ ਦੀ ਉਸਾਰੀ ਦੀ ਕਲਪਨਾ ਕਰਦਾ ਹੈ। ਮਿਸ਼ਨ ਦਾ ਮੁੱਖ ਟੀਚਾ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣਾ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ, ਮਿਲਾਵਟ ਰਹਿਤ ਭੋਜਨ ਅਤੇ ਖਾਣ-ਪੀਣ ਵਾਲੀਆਂ ਵਸਤਾਂ ਨੂੰ ਉਗਾਉਣਾ ਅਤੇ ਵਰਤਣਾ ਯਕੀਨੀ ਬਣਾਉਣਾ ਅਤੇ ਪੰਜਾਬ ਦੇ ਲੋਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਵਿੱਚ ਸੁਧਾਰ ਕਰਨਾ ਅਤੇ ਸਰਕਾਰ ਦੇ ਵਿਕਾਸ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਨਾਉਣਾ ਹੈ।

3. <u>ਮਿਸ਼ਨ ਤੰਦਰਸਤ ਪੰਜਾਬ ਦੇ ਐਕਸ਼ਨ</u> ਪਲਾਨ ਦੇ ਟੀਚਿਆਂ ਨੂੰ ਹਾਂਸਲ ਕਰਨ ਲਈ ਆਪ ਨੂੰ ਨਿਮਨ ਅਨੁਸਾਰ <u>ਸਾਲ 2023-24</u> ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

(1) ਏਰੀਏ ਦੀ ਭੂਗੋਲਿਕ ਅਤੇ ਮੌਜੂਦਾ ਵਾਤਾਵਰਣ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੌਦੇ ਲਗਾਏ ਜਾਣ ਦੀ ਪ੍ਰਕਿਰਿਆ ਤੁਰੰਤ ਆਰੰਭੀ ਜਾਵੇ ਅਤੇ ਪਲਾਂਟੇਸ਼ਨ ਸਬੰਧੀ ਪੌਦਿਆਂ ਦੀ ਜਰੂਰਤ ਹੋਣ ਦੀ ਸੂਰਤ ਵਿੱਚ ਵਣ ਵਿਭਾਗ ਅਧੀਨ ਆਉਂਦੇ ਮੰਡਲਾਂ ਨਾਲ ਰਾਬਤਾ ਕਾਇਮ ਕਰਕੇ ਬੂਟੇ ਪ੍ਰਾਪਤ ਕੀਤੇ ਜਾਣ।

(2) ਪੰਜਾਬ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ/ਇਲਾਕਾ ਨਿਵਾਸੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਧਿਆਨ **ਘਰ-ਘਰ ਹਰਿਆਲੀ** ਹੋਣ ਵੱਲ ਕੇਂਦਰਿਤ ਕਰਦੇ ਹੋਏ ਸਿਹਤਮੰਦ ਜੀਵਨ ਅਤੇ ਮਾਨਸਿਕ ਤੰਦਰੁਸਤੀ ਲਈ ਚੰਗੀਆਂ ਆਦਤਾਂ ਪੈਦਾ ਕਰਨ ਵੱਲ ਕੀਤਾ ਜਾਵੇ।

(3) ਵਿਦਿਆਰਥੀਆਂ ਨੂੰ ਸ਼ਹਿਰੀ ਖੇਤਰਾਂ ਵਿੱਚ ਕਾਰ ਪੂਲਿੰਗ ਬਾਰੇ ਉਤਸ਼ਾਹਿਤ ਕਰਨ ਅਤੇ ਇਲੈਕਟ੍ਰਿਕ ਅਤੇ ਗੈਰ-ਪ੍ਰਦੂਸ਼ਣ ਨਾ ਕਰਨ ਵਾਲੇ ਵਾਹਨਾਂ, Global Warming, ਪਾਣੀ ਦੇ ਸੀਮਤ ਸਰੋਤਾਂ ਬਾਰੇ ਜਾਣਕਾਰੀ ਰੋਜਾਨਾ ਦਿੱਤੀ ਜਾਵੇ ਅਤੇ ਸਕੂਲਾਂ ਵਿੱਚ ਆਉਣ-ਜਾਣ ਵਾਲੇ ਵਾਹਨਾਂ ਦੀ ਜਾਂਚ ਲਈ ਪ੍ਰਦੂਸ਼ਣ ਦੀ ਜਾਂਚ ਲਈ ਨਿਯਮਿਤ ਡਰਾਈਵਜ਼ ਕੀਤੀਆਂ ਜਾਣ।

(4) ਸਕੂਲ ਦੇ ਆਲੇ-ਦੁਆਲੇ ਇੱਕ ਫਲਦਾਰ ਰੁੱਖ/ਔਸ਼ਧੀ ਦਾ ਰੁੱਖ ਲਗਾਉਣ ਲਈ ਵਿਦਿਆਰਥੀਆਂ ਨੂੰ ਰੋਜਾਨਾ ਪੱਧਰ ਤੇ ਸਵੇਰ ਦੀ ਸਭਾ ਵਿੱਚ ਪ੍ਰੇਰਿਤ ਕੀਤਾ ਜਾਵੇ।

(5) ਪੌਦੇ ਲਗਾਉਣ ਬਾਰੇ ਸਾਵਣ/Monsoon ਦੀ ਰੁੱਤ ਸੱਭ ਤੋਂ ਜਿਆਦਾ ਲਾਭਦਾਇਕ ਹੁੰਦੀ ਹੈ, ਇਸ ਲਈ Plantation (ਟੋਏ ਪੁੱਟਣ ਅਤੇ ਖਾਦ ਆਦਿ) ਦੀ ਤਿਆਰੀ ਹਰ ਪੱਖੋਂ ਮੁਕੰਮਲ ਕਰ ਲਈ ਜਾਵੇ। ਇਸ ਦੇ ਨਾਲ ਹੀ ਸਕੂਲ ਸਟਾਫ/ਵਿਦਿਆਰਥੀਆਂ/ਮਾਪਿਆਂ ਨੂੰ Monsoon ਦੀ ਰੁੱਤ ਦੇ ਗੁੱਣਾਂ ਬਾਰੇ ਦੱਸਦੇ ਹੋਏ ਆਪਣੇ ਇਲਾਕੇ (ਸਕੂਲ ਅਤੇ ਰਿਹਾਇਸ਼) ਦੇ ਆਲੇ-ਦੁਆਲੇ ਪੌਦੇ (ਘਣੀ ਛਾਂ, ਚਿਕਿਤਸਕ, ਫਲਦਾਰ, ਘੱਟ ਪਾਣੀ ਲੈਣ ਵਾਲੇ) ਆਦਿ ਰੁੱਖ ਲਗਾਉਣੇ, ਜਿਸ ਨਾਲ ਵਾਤਾਵਰਣ ਸਾਫ ਹੋਵੇ ਅਤੇ ਇਸ ਸਬੰਧੀ ਵਿਦਿਆਰਥੀਆਂ ਨੂੰ ਰੋਜਾਨਾ ਅਧਾਰ ਤੇ ਸਵੇਰ ਦੀ ਸਭਾ ਵਿੱਚ ਲਾਜਮੀ ਤੌਰ ਤੇ ਜਾਗਰੂਕ ਜਰੂਰ ਕੀਤਾ ਜਾਵੇ।

(6) **ਸਾਲ 2023-24 ਦੇ ਨਿਰਧਾਰਤ ਟੀਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਹੀਨਾਵਾਰ ਪ੍ਰਗਤੀ ਰਿਪੋਰਟ ਹਰ ਮਹੀਨੇ ਦੀ 02 ਤਰੀਖ ਨੂੰ ਸ਼ਾਖਾ ਦੀ ਈ-ਮੇਲ ਤੇ ਭੇਜਣੀ ਯਕੀਨੀ ਬਣਾਈ ਜਾਵੇ।**

(7) **ਇੰਨ੍ਹਾ ਹਦਾਇਤਾਂ ਦੀ ਪਾਲਣਾ ਹਿੱਤ ਮਾਰਚ-2023 ਵਿੱਚ ਲਗਾਏ ਗਏ ਪੌਦਿਆਂ/ਬੂਟਿਆਂ ਦੀ ਸੂਚਨਾ ਅਪ੍ਰੈਲ ਮਹੀਨੇ ਵਿੱਚ ਨਿਮਨ ਦਰਸਾਏ ਗਏ ਪ੍ਰੋਫਾਰਮੇ ਅਨੁਸਾਰ ਭੇਜਣੀ ਯਕੀਨੀ ਬਣਾਈ ਜਾਵੇ ਜੋ:-**

| ਲੜੀ ਨੰ: | ਜਿਲ੍ਹੇ ਦਾ ਨਾਂ | ਕਿੰਨੇ ਸਕੂਲ ਕਵਰ ਹੋਏ ਦੀ ਗਿਣਤੀ | ਕੁੱਲ ਲਗਾਏ ਗਏ ਪੌਦਿਆਂ ਦੀ ਗਿਣਤੀ | ਲਗਾਏ ਗਏ ਪੌਦਿਆਂ ਦੀ ਕਿਸਮ; ਕੀ ਪੌਦੇ ਫਲਦਾਰ, ਛਾਂ ਵਾਲੇ, ਮੈਡੀਸਿਨਲ ਹਨ? | ਵਿਸ਼ੇਸ਼ ਕਥਨ |
|---|---|---|---|---|---|
| (1) | (2) | (3) | (4) | (5) | (6) |

Sharma
ਡਾਇਰੈਕਟਰ ਸਕੂਲ ਐਜੂਕੇਸ਼ਨ 29-3-2023
(ਐਲੀਮੈਂਟਰ ਸਿੱਖਿਆ) ਪੰਜਾਬ

ਪਿੱਠ ਅੰਕਣ ਨੰ; ਉਕਤ

ਮਿਤੀ: 29/03/2023

ਉਤਾਰਾ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਦਫ਼ਤਰ ਪ੍ਰਧਾਨ ਮੁੱਖ ਵਣ ਪਾਲ (HOFF), ਵਣ ਭਵਨ, ਸੈਕਟਰ-68, ਸਅਸ ਨਗਰ ਨੂੰ ਉਨ੍ਹਾਂ ਦੇ ਪੱਤਰ ਨੰ; 20812-21 ਮਿਤੀ 22/12/2022 ਅਤੇ ਪੱਤਰ ਨੰ; 24193-95 ਮਿਤੀ 25/01/2023 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਕੂਲ ਐਜੂਕੇਸ਼ਨ
(ਐਲੀਮੈਂਟਰ ਸਿੱਖਿਆ) ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਪਠਾਨਕੋਟ
ਪੱਤਰ ਨੰ: ਸੀ-1/1-1/2023/3034 ਮਿਤੀ: 06/04/23

ਉਕਤ ਦਾ ਉਤਾਰਾ ਸਮੂਹ ਬਲਾਕ ਸਿੱਖਿਆ ਅਫਸਰ/ਸਕੂਲ ਮੁਖੀ ਜ਼ਿਲ੍ਹਾ ਪਠਾਨਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਲੋੜੀਂਦੀ ਸੂਚਨਾ [illegible] ਵਿੱਚ ਭਰ ਕੇ [illegible] ਮਿਤੀ 11/04/23 ਤੱਕ ਭੇਜਣੀ ਯਕੀਨੀ ਬਣਾਈ ਜਾਵੇ,

[signature] 6/4/23
ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪਠਾਨਕੋਟ